" ਸੰਕਲਪ ਸ਼ਕਤੀ ਦੇ ਮਹੱਤਵ ਨੂੰ ਜਾਣ ਇਸ ਨੂੰ ਵਧਾਓ ਅਤੇ ਪ੍ਰਯੋਗ ਵਿਚ ਲਿਆਓ "

ਅੱਜ ਉੱਚੇ ਤੋਂ ਉੱਚ ਬਾਪ ਆਪਣੇ ਚਾਰੋਂ ਪਾਸੇ ਦੇ ਸ੍ਰੇਸ਼ਠ ਬੱਚਿਆਂ ਨੂੰ ਵੇਖ ਖੁਸ਼ ਹੋ ਰਹੇ ਹਨ ਕਿਉਂਕਿ ਸਾਰੇ ਵਿਸ਼ਵ ਦੀਆਂ ਆਤਮਾਵਾਂ ਤੋਂ ਤੁਸੀ ਬੱਚੇ ਸ੍ਰੇਸ਼ਠ ਮਤਲਬ ਹਾਈਏਸਟ ਹੋ। ਦੁਨੀਆ ਵਾਲੇ ਕਹਿੰਦੇ ਹਨ ਹਾਈਏਸਟ ਇਨ ਦਾ ਵਰਲਡ ਅਤੇ ਉਹ ਵੀ ਇੱਕ ਜਨਮ ਦੇ ਲਈ ਲੇਕਿਨ ਤੁਸੀ ਬੱਚੇ ਹਾਈਏਸਟ ਸ੍ਰੇਸ਼ਠ ਇਨ ਦਾ ਕਲਪ ਹੋ। ਸਾਰੇ ਕਲਪ ਵਿਚ ਤੁਸੀਂ ਸ੍ਰੇਸ਼ਠ ਰਹੇ ਹੋ। ਜਾਣਦੇ ਹੋ ਨਾ? ਆਪਣਾ ਅਨਾਦਿ ਕਾਲ ਵੇਖੋ ਅਨਾਦਿ ਕਾਲ ਵਿੱਚ ਵੀ ਤੁਸੀ ਸਭ ਆਤਮਾਵਾਂ ਬਾਪ ਦੇ ਨੇੜੇ ਰਹਿਣ ਵਾਲੇ ਹੋ। ਵੇਖ ਰਹੇ ਹੋ, ਅਨਾਦਿ ਰੂਪ ਵਿਚ ਬਾਪ ਦੇ ਨਾਲ - ਨਾਲ ਨੇੜੇ ਰਹਿਣ ਵਾਲੇ ਸ੍ਰੇਸ਼ਠ ਆਤਮਾਵਾਂ ਹੋ। ਰਹਿੰਦੇ ਸਾਰੇ ਹਨ ਪਰ ਤੁਹਾਡੀ ਜਗ੍ਹਾ ਬਹੁਤ ਨੇੜੇ ਹੈ। ਤਾਂ ਅਨਾਦਿ ਰੂਪ ਵਿਚ ਵੀ ਉੱਚੇ ਤੇ ਉੱਚੇ ਹੋ। ਫਿਰ ਆਵੋ ਆਦਿਕਾਲ ਵਿਚ ਸਾਰੇ ਬੱਚੇ ਦੇਵ - ਪਦਧਾਰੀ ਦੇਵਤਾ ਰੂਪ ਵਿਚ ਹੋ। ਯਾਦ ਹੈ ਆਪਣਾ ਦੈਵੀ ਸਵਰੂਪ? ਆਦਿਕਾਲ ਵਿਚ ਸਰਵ ਪ੍ਰਾਪਤੀ ਸਵਰੂਪ ਹੋ। ਤਨ - ਮਨ - ਧਨ ਅਤੇ ਜਨ ਚਾਰ ਹੀ ਸਵਰੂਪ ਵਿਚ ਸ੍ਰੇਸ਼ਠ ਹੋ। ਸਦਾ ਸੰਪੰਨ ਹੋ, ਸਰਵ ਪ੍ਰਾਪਤੀ ਸਵਰੂਪ ਹੋ। ਅਜਿਹਾ ਦੇਵ ਪਦਵੀ ਹੋਰ ਕਿਸੇ ਵੀ ਆਤਮਾਵਾਂ ਨੂੰ ਪ੍ਰਾਪਤ ਨਹੀਂ ਹੁੰਦਾ। ਭਾਵੇਂ ਧਰਮ ਆਤਮਾਵਾਂ ਹਨ, ਮਹਾਤਮਾਵਾਂ ਹਨ ਲੇਕਿਨ ਸਰਵ ਪ੍ਰਾਪਤੀਆਂ ਵਿਚ ਸ੍ਰੇਸ਼ਠ, ਅਪ੍ਰਾਪਤੀ ਦਾ ਨਾਮ - ਨਿਸ਼ਾਨ ਨਹੀਂ, ਕੋਈ ਵੀ ਅਨੁਭਵ ਨਹੀਂ ਕਰ ਸਕਦਾ। ਫਿਰ ਆਵੋ ਮੱਧਕਾਲ ਵਿੱਚ, ਤਾਂ ਮੱਧਕਾਲ ਵਿੱਚ ਵੀ ਤੁਸੀ ਆਤਮਾਵਾਂ ਪੂਜੀਏ ਬਣਦੇ ਹੋ। ਤੁਹਾਡੇ ਜੜ ਚਿੱਤਰ ਪੂਜੇ ਜਾਂਦੇ ਹਨ। ਕਿਸੇ ਵੀ ਆਤਮਾਵਾਂ ਦੀ ਇਵੇਂ ਵਿਧੀ ਪੂਰਵਕ ਪੂਜਾ ਨਹੀਂ ਹੁੰਦੀ। ਜਿਵੇਂ ਪੂਜੀਏ ਆਤਮਾਵਾਂ ਦੀ ਵਿਧੀ ਪੂਰਵਕ ਪੂਜਾ ਹੁੰਦੀ ਹੈ ਤਾਂ ਸੋਚੋ ਇਵੇਂ ਵਿਧੀ - ਪੂਰਵਕ ਹੋਰ ਕਿਸ ਦੀ ਪੂਜਾ ਹੁੰਦੀ ਹੈ! ਹਰ ਕਰਮ ਦੀ ਪੂਜਾ ਹੁੰਦੀ ਹੈ ਕਿਉਂਕਿ ਕਰਮਯੋਗੀ ਬਣਦੇ ਹੋ। ਤਾਂ ਪੂਜਾ ਵੀ ਹਰ ਕਰਮ ਦੀ ਹੁੰਦੀ ਹੈ। ਭਾਵੇਂ ਧਰਮ ਆਤਮਾਵਾਂ ਜਾਂ ਮਹਾਨ ਆਤਮਾਵਾਂ ਨੂੰ ਨਾਲ ਵਿਚ ਮੰਦਿਰ ਵਿਚ ਵੀ ਰੱਖਦੇ ਹਨ ਪਰ ਵਿਧੀ ਪੂਰਵਕ ਪੂਜਾ ਨਹੀ ਹੁੰਦੀ। ਤਾਂ ਮੱਧਕਾਲ ਵਿਚ ਵੀ ਹਾਈਏਸਟ ਮਤਲਬ ਸ੍ਰੇਸ਼ਠ ਹੋ। ਫਿਰ ਆਓ ਵਰਤਮਾਨ ਅੰਤਕਾਲ ਵਿਚ ਤਾਂ ਅੰਤਕਾਲ ਵਿਚ ਵੀ ਸੰਗਮ ਤੇ ਸ੍ਰੇਸ਼ਠ ਆਤਮਾਵਾਂ ਹੋ। ਕੀ ਸ੍ਰੇਸ਼ਠ ਹੈ? ਖੁਦ ਬਾਪਦਾਦਾ, ਪ੍ਰਮਾਤਮ ਆਤਮਾ ਅਤੇ ਆਦਿ ਆਤਮਾ ਮਤਲਬ ਬਾਪਦਾਦਾ ਦੋਵਾਂ ਦੂਆਰਾ ਪਾਲਣਾ ਵੀ ਲੈਂਦੇ ਹੋ, ਪੜਾਈ ਵੀ ਪੜਦੇ ਹੋ, ਨਾਲ ਹੀ ਸਤਿਗੁਰੂ ਦੂਆਰਾ ਸ੍ਰੀਮਤ ਲੈਣ ਦੇ ਅਧਿਕਾਰੀ ਬਣੇ ਹੋ। ਤਾਂ ਅਨਾਦੀਕਾਲ, ਆਦਿਕਾਲ, ਮੱਧਕਾਲ ਅਤੇ ਹੁਣ ਅੰਤਕਾਲ ਵਿਚ ਵੀ ਹਾਈਏਸਟ ਹੋ, ਸ੍ਰੇਸ਼ਠ ਹੋ। ਇਤਨਾ ਨਸ਼ਾ ਰਹਿੰਦਾ ਹੈ?

ਬਾਪਦਾਦਾ ਕਹਿੰਦੇ ਹਨ ਇਸ ਸਮ੍ਰਿਤੀ ਨੂੰ ਇਮਰਜ ਕਰੋ। ਮਨ ਵਿਚ, ਬੁੱਧੀ ਵਿਚ ਇਸ ਪ੍ਰਾਪਤੀ ਨੂੰ ਦੁਹਰਾਓ। ਜਿੰਨਾਂ ਸਮ੍ਰਿਤੀ ਨੂੰ ਇਮਰਜ ਰੱਖੋਗੇ ਉਤਨਾ ਸਮ੍ਰਿਤੀ ਵਿੱਚ ਰੂਹਾਨੀ ਨਸ਼ਾ ਹੋਵੇਗਾ। ਖੁਸ਼ੀ ਹੋਵੇਗੀ, ਸ਼ਕਤੀਸ਼ਾਲੀ ਬਣੋਗੇ। ਇਤਨੇ ਹਾਈਏਸਟ ਆਤਮਾ ਬਣੇ ਹੋ। ਇਹ ਨਿਸ਼ਚੇ ਹੈ ਪੱਕਾ? ਕੀ ਅਸੀਂ ਹੀ ਹਾਈਏਸਟ, ਸ੍ਰੇਸ਼ਠ ਬਣੇ ਸੀ, ਬਣੇ ਹਾਂ ਅਤੇ ਸਦਾ ਬਣਦੇ ਰਹਾਂਗੇ। ਨਸ਼ਾ ਹੈ? ਪੱਕਾ ਨਿਸ਼ਚੇ ਹੈ ਤਾਂ ਹੱਥ ਉਠਾਓ। ਟੀਚਰਜ਼ ਨੇ ਵੀ ਉਠਾਇਆ।

ਮਾਤਾਵਾਂ ਤਾਂ ਸਦਾ ਖੁਸ਼ੀ ਦੇ ਝੂਲੇ ਵਿਚ ਝੂਲਦੀਆਂ ਹਨ, ਝੂਲਦੀ ਹੋ ਨਾ! ਮਾਤਾਵਾਂ ਨੂੰ ਬਹੁਤ ਨਸ਼ਾ ਰਹਿੰਦਾ ਹੈ, ਕੀ ਨਸ਼ਾ ਰਹਿੰਦਾ ਹੈ? ਸਾਡੇ ਲਈ ਬਾਪ ਆਇਆ ਹੈ। ਨਸ਼ਾ ਹੈ ਨਾ! ਦਵਾਪਰ ਤੋਂ ਸਭ ਨੇ ਹੇਠਾਂ ਸੁੱਟਿਆ, ਇਸਲਈ ਬਾਪ ਨੂੰ ਮਾਤਾਵਾਂ ਤੇ ਬਹੁਤ ਪਿਆਰ ਹੈ ਅਤੇ ਖ਼ਾਸ ਮਾਤਾਵਾਂ ਦੇ ਲਈ ਬਾਪ ਆਏ ਹਨ। ਖੁਸ਼ ਹੋ ਰਹੇ ਹਨ, ਲੇਕਿਨ ਸਦਾ ਖੁਸ਼ ਰਹਿਣਾ। ਇਵੇਂ ਨਹੀਂ ਹੁਣ ਹੱਥ ਉਠਾ ਰਹੇ ਹੋ ਅਤੇ ਟ੍ਰੇਨ ਵਿਚ ਜਾਵੋ ਤਾਂ ਥੋੜ੍ਹਾ - ਥੋੜ੍ਹਾ ਨਸ਼ਾ ਉਤਰਦਾ ਜਾਵੇ, ਸਦਾ ਇੱਕਰਸ, ਅਵਿਨਾਸ਼ੀ ਨਸ਼ਾ ਹੋਵੇ। ਕਦੇ - ਕਦੇ ਦਾ ਨਸ਼ਾ ਨਹੀਂ, ਸਦਾ ਦਾ ਨਸ਼ਾ ਸਦਾ ਹੀ ਖੁਸ਼ੀ ਪ੍ਰਦਾਨ ਕਰਦਾ ਹੈ। ਤੁਸੀ ਮਾਤਾਵਾਂ ਦੇ ਚੇਹਰੇ ਤੇ ਸਦਾ ਇਵੇਂ ਹੋਣਾ ਚਾਹੀਦਾ ਹੈ ਜੋ ਦੂਰ ਤੋਂ ਰੂਹਾਨੀ ਗੁਲਾਬ ਵਿਖਾਈ ਦਵੋ ਕਿਉਂਕਿ ਇਸ ਵਿਸ਼ਵ ਵਿਧਾਲਿਆ ਦੀ ਜੋ ਗੱਲ ਸਭ ਨੂੰ ਚੰਗੀ ਲਗਦੀ ਹੈ, ਵਿਸ਼ੇਸ਼ਤਾ ਵਿਖਾਈ ਦਿੰਦੀ ਹੈ ਉਹ ਇਹ ਹੀ ਕਿ ਮਾਤਾਵਾਂ ਰੂਹਾਨੀ ਗੁਲਾਬ ਵਾਂਗ ਸਦਾ ਖਿੜਿਆ ਹੋਇਆ ਪੁਸ਼ਪ ਹੈ ਅਤੇ ਮਾਤਾਵਾਂ ਹੀ ਜਿੰਮੇਵਾਰੀ ਚੁੱਕਣ, ਮਾਤਾਵਾਂ ਇਨਾਂ ਵੱਡਾ ਕੰਮ ਕਰ ਰਹੀਆਂ ਹਨ। ਭਾਵੇਂ ਮਹਾਂ ਮੰਡਲੇਸ਼ਵਰ ਵੀ ਹਨ ਲੇਕਿਨ ਉਹ ਵੀ ਸਮਝਦੇ ਹਨ ਕਿ ਮਾਤਾਵਾਂ ਨਿਮਿਤ ਬਣੀਆਂ ਹਨ ਅਤੇ ਅਜਿਹੇ ਸ੍ਰੇਸ਼ਠ ਕੰਮ ਸਹਿਜ ਚਲਾ ਰਹੀਆਂ ਹਨ। ਮਾਤਾਵਾਂ ਦੇ ਲਈ ਕਹਾਵਤ ਹੈ -ਦੋ ਮਾਤਾਵਾਂ ਵੀ ਇਕੱਠਾ ਕੋਈ ਕੰਮ ਕਰਨ ਬੜਾ ਮੁਸ਼ਕਿਲ ਹੈ। ਲੇਕਿਨ ਇੱਥੇ ਕੌਣ ਨਿਮਿਤ ਹਨ? ਮਾਤਾਵਾਂ ਵੀ ਹਨ ਨਾ! ਜਦੋਂ ਵੀ ਮਿਲਣ ਆਉਂਦੇ ਹਨ ਤਾਂ ਕੀ ਪੁੱਛਦੇ ਹਨ? ਮਾਤਾਵਾਂ ਚਲਾਉਂਦੀਆਂ ਹਨ, ਆਪਸ ਵਿੱਚ ਲੜਦੀਆਂ ਨਹੀਂ ਹਨ! ਖਿਟਪਿਟ ਨਹੀਂ ਕਰਦੀਆਂ ਹਨ? ਲੇਕਿਨ ਉਨ੍ਹਾਂ ਨੂੰ ਕੀ ਪਤਾ ਕਿ ਇਹ ਸਧਾਰਨ ਮਾਤਾਵਾਂ ਨਹੀਂ ਹਨ, ਇਹ ਪਰਮਾਤਮਾ ਦੂਆਰਾ ਬਣੀਆਂ ਹੋਈਆਂ ਆਤਮਾਵਾਂ, ਮਾਤਾਵਾਂ ਹਨ। ਪ੍ਰਮਾਤਮ ਵਰਦਾਨ ਇਨ੍ਹਾਂ ਨੂੰ ਚਲਾ ਰਿਹਾ ਹੈ ਇਵੇਂ ਤਾਂ ਨਹੀਂ ਭਾਈ ( ਪਾਂਡਵ ) ਸਮਝਦੇ ਹਨ ਕਿ ਮਾਤਾਵਾਂ ਦਾ ਮਾਣ ਹੈ, ਸਾਡਾ ਨਹੀਂ ਹੈ ਕੀ। ਤੁਹਾਡਾ ਵੀ ਗਾਇਨ ਹੈ ਪੰਜ ਪਾਂਡਵ ਗਾਏ ਹੋਏ ਹਨ। ਸ਼ਕਤੀਆਂ ਦੇ ਨਾਲ, ਸਤ ਸ਼ੀਤਲਾਵਾਂ ਵਿਖਾਉਂਦੇ ਹਨ ਤਾਂ ਇੱਕ ਪਾਂਡਵ ਵੀ ਵਿਖਾਉਂਦੇ ਹਨ। ਅਤੇ ਪਾਂਡਵਾਂ ਤੋਂ ਬਿਨਾਂ ਮਾਤਾਵਾਂ ਨਹੀਂ ਚਲਾ ਸਕਦੀਆਂ, ਮਾਤਾਵਾਂ ਦੇ ਬਿਨਾਂ ਪਾਂਡਵ ਨਹੀਂ ਚਲਾ ਸਕਦੇ। ਦੋਵੇਂ ਬਾਹਵਾਂ ਚਾਹੀਦੀਆਂ ਹਨ ਲੇਕਿਨ

ਮਾਤਾਵਾਂ ਨੂੰ ਬਹੁਤ ਡਿਗਾ ਦਿੱਤਾ ਸੀ ਨਾ , ਇਸਲਈ ਬਾਪ ਮਾਤਾਵਾਂ ਨੂੰ ਜੋ ਦੁਨੀਆ ਅਸੰਭਵ ਸਮਝਦੀ ਹੈ, ਉਹ ਸੰਭਵ ਕਰਕੇ ਵਿਖ਼ਾ ਰਹੇ ਹਨ। ਤੁਸੀ ਖੁਸ਼ ਹੋ ਨਾ ਮਾਤਾਵਾਂ ਨੂੰ ਵੇਖ ਕੇ? ਜਾਂ ਨਹੀਂ? ਖੁਸ਼ ਹੋ ਨਾ! ਜੇਕਰ ਮਾਤਾਵਾਂ ਨੂੰ ਬਾਪ ਨਿਮਿਤ ਨਹੀਂ ਬਣਾਉਂਦਾ ਤਾਂ ਨਵਾਂ ਗਿਆਨ, ਨਵਾਂ ਸਿਸਟਮ ਹੋਣ ਦੇ ਕਾਰਣ ਪਾਂਡਵਾਂ ਨੂੰ ਵੇਖ ਕੇ ਬਹੁਤ ਹੰਗਾਮਾ ਹੁੰਦਾ। ਮਾਤਾਵਾਂ ਢਾਲ ਹਨ ਕਿਉਂਕਿ ਨਵਾਂ ਗਿਆਨ ਹੈ ਨਾ। ਨਵੀਆਂ ਗੱਲਾਂ ਹਨ। ਲੇਕਿਨ ਭੈਣਾਂ ਦੇ ਨਾਲ ਭਰਾ ਸਦਾ ਹੀ ਨਾਲ ਹਨ। ਪਾਂਡਵ ਆਪਣੇ ਕੰਮ ਵਿਚ ਅੱਗੇ ਹਨ ਅਤੇ ਭੈਣਾਂ ਆਪਣੇ ਕੰਮ ਵਿਚ ਅੱਗੇ ਹਨ। ਦੋਵਾਂ ਦੀ ਰਾਏ ਨਾਲ ਹਰ ਕੰਮ ਨਿਰਵਿਘਨ ਚੱਲ ਰਿਹਾ ਹੈ।

ਬਾਪਦਾਦਾ ਹਰ ਰੋਜ ਬੱਚਿਆਂ ਦੇ ਵੱਖ - ਵੱਖ ਕੰਮ ਵੇਖਦੇ ਰਹਿੰਦੇ ਹਨ। ਨਵੇਂ - ਨਵੇਂ ਪਲਾਨ ਬਣਦੇ ਹੀ ਰਹਿੰਦੇ ਹਨ। ਸਮਾਂ ਤੇ ਸਭ ਨੂੰ ਯਾਦ ਹੈ? 99 ਦਾ ਚੱਕਰ ਵੀ ਪੂਰਾ ਹੋ ਗਿਆ ਨਾ! ਕੀ ਸੋਚਦੇ ਸੀ, 99 ਆ ਗਿਆ, 99 ਆ ਗਿਆ। ਲੇਕਿਨ ਤੁਸੀ ਸਭ ਦੇ ਲਈ ਸੇਵਾ ਕਰਨ ਦਾ ਵਰ੍ਹਾ, ਨਿਰਵਿਘਨ ਰਹਿਣ ਦਾ ਵਰ੍ਹਾ ਮਿਲਿਆ। ਵੇਖੋ 99 ਵਿਚ ਮੌਨ ਭੱਠੀਆਂ ਕਰ ਰਹੇ ਹੋ ਨਾ! ਦੁਨੀਆ ਘਬਰਾਉਂਦੀ ਹੈ ਅਤੇ ਤੁਸੀ, ਜਿਨਾਂ ਉਹ ਘਬਰਾਉਂਦੇ ਹਨ ਉਨਾਂ ਹੀ ਤੁਸੀ ਸਭ ਯਾਦ ਦੀ ਗਹਿਰਾਈ ਵਿੱਚ ਜਾ ਰਹੇ ਹੋ। ਮਨ ਦਾ ਮੌਨ ਹੈ ਹੀ, ਗਿਆਨ ਸਾਗਰ ਦੇ ਤਲੇ ਵਿਚ ਜਾਣਾ ਤੇ ਨਵੇਂ - ਨਵੇਂ ਅਨੁਭਵਾਂ ਦੇ ਰਤਨ ਲਿਆਉਣਾ। ਜੋ ਬਾਪਦਾਦਾ ਨੇ ਪਹਿਲਾਂ ਵੀ ਇਸ਼ਾਰਾ ਦਿੱਤਾ ਹੈ - ਸਭ ਤੋਂ ਵੱਡਾ ਖਜਾਨਾ ਹੈ ਜੋ ਵਰਤਮਾਨ ਅਤੇ ਭਵਿੱਖ ਬਣਾਉਂਦਾ ਹੈ, ਉਹ ਹੈ ਸ੍ਰੇਸ਼ਠ ਸੰਕਲਪ ਦਾ ਖਜਾਨਾ। ਸੰਕਲਪ ਸ਼ਕਤੀ ਬਹੁਤ ਵੱਡੀ ਸ਼ਕਤੀ ਹੈ ਜੋ ਆਪਣੇ ਬੱਚਿਆਂ ਦੇ ਕੋਲ ਹੈ - ਸ੍ਰੇਸ਼ਠ ਸੰਕਲਪ ਦੀ ਸ਼ਕਤੀ। ਸੰਕਲਪ ਤੇ ਸਭ ਦੇ ਕੋਲ ਹਨ ਲੇਕਿਨ ਸ੍ਰੇਸ਼ਠ ਸ਼ਕਤੀ, ਸ਼ੁਭ ਭਾਵਨਾ, ਸ਼ੁਭ ਕਾਮਨਾ ਦੀ ਸੰਕਲਪ ਸ਼ਕਤੀ, ਮਨ - ਬੁੱਧੀ ਇਕਾਗ੍ਰ ਕਰਨ ਦੀ ਸ਼ਕਤੀ - ਇਹ ਤੁਹਾਡੇ ਕੋਲ ਹੀ ਹੈ। ਅਤੇ ਜਿਨਾਂ ਅੱਗੇ ਵਧਦੇ ਜਾਵੋਗੇ ਇਸ ਸੰਕਲਪ ਸ਼ਕਤੀ ਨੂੰ ਜਮਾ ਕਰਦੇ ਜਾਵੋਗੇ ਇਸ ਸੰਕਲਪ ਸ਼ਕਤੀ ਨੂੰ ਜਮਾ ਕਰਦੇ ਜਾਵੋਗੇ, ਵਿਅਰਥ ਨਹੀਂ ਗਵਾਓਗੇ, ਵਿਅਰਥ ਗਵਾਉਣ ਦਾ ਮੁੱਖ ਕਾਰਣ ਹੈ ਵਿਅਰਥ ਸੰਕਲਪ। ਵਿਅਰਥ ਸੰਕਲਪ, ਬਾਪਦਾਦਾ ਨੇ ਵੇਖਿਆ ਹੈ ਮਜਿਓਰਟੀ ਬੱਚਿਆਂ ਦੇ ਸਾਰੇ ਦਿਨ ਵਿਚ ਵਿਅਰਥ ਹੁਣ ਵੀ ਹਨ। ਜਿਵੇਂ ਸਥੂਲ ਧਨ ਨੂੰ ਇਕਾਨਮੀ ਨਾਲ ਯੂਜ਼ ਕਰਨ ਵਾਲੇ ਸਦਾ ਹੀ ਸੰਪੰਨ ਰਹਿੰਦੇ ਹਨ ਅਤੇ ਵਿਅਰਥ ਗਵਾਉਣ ਵਾਲੇ ਕਿਤੇ ਨਾ ਕਿਤੇ ਧੋਖਾ ਖਾ ਲੈਂਦੇ ਹਨ। ਅਜਿਹੇ ਸ੍ਰੇਸ਼ਠ ਸ਼ੁੱਧ ਸੰਕਲਪ ਵਿਚ ਇਤਨੀ ਤਾਕਤ ਹੈ ਜੋ ਤੁਹਾਡੇ ਕੈਚਿੰਗ ਪਾਵਰ, ਵਾਈਬ੍ਰੇਸ਼ਨ ਕੈਚ ਕਰਨ ਦੀ ਪਾਵਰ ਬਹੁਤ ਵਧ ਸਕਦੀ ਹੈ। ਇਹ ਵਾਇਰਲੈਸ, ਇਹ ਟੈਲੀਫੋਨ… ਜਿਵੇਂ ਇਹ ਸਾਇੰਸ ਦਾ ਸਾਧਨ ਕੰਮ ਕਰਦਾ ਹੈ ਇਵੇਂ ਇਹ ਸ਼ੁੱਧ ਸੰਕਲਪ ਦਾ ਖਜਾਨਾ, ਇਵੇਂ ਹੀ ਕੰਮ ਕਰੇਗਾ ਜੋ ਲੰਡਨ ਵਿਚ ਬੈਠੇ ਹੋਏ ਕੋਈ ਵੀ ਆਤਮਾ ਦਾ ਵਾਈਬ੍ਰੇਸ਼ਨ ਤੁਹਾਨੂੰ ਇਵੇਂ ਹੀ ਸਪੱਸ਼ਟ ਕੈਚ ਹੋਵੇਗਾ ਜਿਵੇਂ ਇਹ ਵਾਇਰਲੈਸ ਜਾਂ ਟੈਲੀਫੋਨ, ਟੀ. ਵੀ. ਇਹ ਜੋ ਵੀ ਸਾਧਨ ਹਨ… ਕਿੰਨੇ ਸਾਧਨ ਨਿਕਲ ਗਏ ਹਨ, ਇਸ ਤੋਂ ਵੀ ਸਪੱਸ਼ਟ ਤੁਹਾਡੀ ਕੈਚਿੰਗ ਪਾਵਰ, ਇਕਾਗ੍ਰਤਾ ਦੀ ਸ਼ਕਤੀ ਨਾਲ ਵਧੇਗੀ। ਇਹ ਆਧਾਰ ਤਾਂ ਖਤਮ ਹੋਣੇ ਹੀ ਹਨ। ਇਹ ਸਭ ਸਾਧਨ ਕਿਸ ਆਧਾਰ ਤੇ ਹਨ? ਲਾਈਟ ਦੇ ਆਧਾਰ ਤੇ। ਜੋ ਵੀ ਸੁਖ ਦੇ ਸਾਧਨ ਹਨ ਮਿਜੋਰਟੀ ਲਾਈਟ ਦੇ ਆਧਾਰ ਤੇ ਹਨ। ਤਾਂ ਕੀ ਤੁਹਾਡੀ ਅਧਿਆਤਮਿਕ ਲਾਈਟ, ਆਤਮ ਲਾਈਟ ਇਹ ਕੰਮ ਨਹੀਂ ਕਰ ਸਕਦੀ! ਜੋ ਚਾਹੋ ਵਾਈਬ੍ਰੇਸ਼ਨ ਨੇੜੇ ਦੇ , ਦੂਰ ਦੇ ਕੈਚ ਕਰ ਸਕੋਗੇ। ਹੁਣ ਕੀ ਹੈ, ਇਕਾਗ੍ਰਤਾ ਦੀ ਸ਼ਕਤੀ ਮਨ - ਬੁੱਧੀ ਦੋਵੇਂ ਹੀ ਇਕਾਗ੍ਰ ਹੋਣ ਤਾਂ ਕੈਚਿੰਗ ਪਾਵਰ ਹੋਵੇਗੀ। ਬਹੁਤ ਅਨੁਭਵ ਕਰਨਗੇ। ਸੰਕਲਪ ਕੀਤਾ - ਨਿਸਵਾਰਥ, ਸਵੱਛ, ਸਪੱਸ਼ਟ ਉਹ ਬਹੁਤ ਵਿਵੇਕ ਅਨੁਭਵ ਕਰਾਏਗਾ। ਸਾਈਲੈਂਸ ਦੀ ਸ਼ਕਤੀ ਦੇ ਅੱਗੇ ਇਹ ਸਾਂਇੰਸ ਝੁਕੇਗੀ। ਹੁਣ ਵੀ ਸਮਝਦੇ ਜਾਂਦੇ ਹਨ ਕਿ ਸਾਇੰਸ ਵਿੱਚ ਵੀ ਕੁਝ ਮਿਸਿੰਗ ਹੈ ਜੋ ਭਰਨੀ ਚਾਹੀਦੀ ਹੈ ਇਸਲਈ ਬਾਪਦਾਦਾ ਫਿਰ ਤੋਂ ਅੰਡਰਲਾਇਨ ਕਰ ਰਿਹਾ ਹੈ ਕਿ ਅੰਤਿਮ ਸਟੇਜ, ਅੰਤਿਮ ਸੇਵਾ -ਇਹ ਸੰਕਲਪ ਸ਼ਕਤੀ ਬਹੁਤ ਫਾਸਟ ਸੇਵਾ ਕਰਾਏਗੀ ਇਸਲਈ ਸੰਕਲਪ ਸ਼ਕਤੀ ਦੇ ਉਪਰ ਹੋਰ ਅਟੈਂਸ਼ਨ ਦਵੋ। ਬਚਾਓ, ਜਮਾਂ ਕਰੋ। ਬਹੁਤ ਕੰਮ ਵਿੱਚ ਆਏਗੀ। ਪ੍ਰਯੋਗੀ ਇਸ ਸੰਕਲਪ ਦੀ ਸ਼ਕਤੀ ਨਾਲ ਬਣਨਗੇ। ਸਾਇੰਸ ਦਾ ਮਹੱਤਵ ਕਿਉਂ ਹੈ? ਪ੍ਰਯੋਗ ਵਿੱਚ ਆਉਂਦੀ ਹੈ ਉਦੋ ਸਭ ਸਮਝਦੇ ਹਨ ਹਾਂ ਸਾਇੰਸ ਚੰਗਾ ਕੰਮ ਕਰਦੀ ਹੈ। ਤਾਂ ਸਾਈਲੈਂਸ ਦੀ ਪਾਵਰ ਦਾ ਪ੍ਰਯੋਗ ਕਰਨ ਦੇ ਲਈ ਇਕਾਗਰਤਾ ਦੀ ਸ਼ਕਤੀ ਚਾਹੀਦੀ ਅਤੇ ਇਕਾਗਰਤਾ ਦਾ ਮੂਲ ਆਧਾਰ ਹੈ -ਮਨ ਦੀ ਕੰਨਟਰੋਲਿੰਗ ਪਾਵਰ, ਜਿਸਨਾਲ ਮਨੋਬਲ ਵੱਧਦਾ ਹੈ। ਮਨੋਬਲ ਦੀ ਬੜੀ ਮਹਿਮਾ ਹੈ, ਇਹ ਰਿਧੀ ਸਿੱਧੀ ਵਾਲੇ ਵੀ ਮਨੋਬਲ ਦਵਾਰਾ ਅਲਪਕਾਲ ਦੇ ਚਮਤਕਾਰ ਦਿਖਾਉਂਦੇ ਹਨ। ਤੁਸੀਂ ਤੇ ਵਿਧੀ ਪੂਰਵਕ, ਰਿਧੀ ਸਿੱਧੀ ਵਾਲੇ ਵੀ ਮਨੋਬਲ ਦਵਾਰਾ ਅਲਪਕਾਲ ਦੇ ਚਮਤਕਾਰ ਦਿਖਾਉਣਗੇ ਜੋ ਵਰਦਾਨ ਹੋ ਜਾਣਗੇ, ਆਤਮਾਵਾਂ ਦੇ ਲਈ ਇਹ ਸੰਕਲਪ ਸ਼ਕਤੀ ਦਾ ਪ੍ਰਯੋਗ ਵਰਦਾਨ ਸਿੱਧ ਹੋ ਜਾਏਗਾ। ਤਾਂ ਪਹਿਲੇ ਇਹ ਚੈਕ ਕਰੋ ਕਿ ਮਨ ਨੂੰ ਕੰਨਟਰੋਲ ਕਰਨ ਦੀ ਕੰਨਟਰੋਲਿੰਗ ਪਾਵਰ ਹੈ? ਸੈਕਿੰਡ ਵਿੱਚ ਜਿਵੇਂ ਸਾਂਇੰਸ ਦੀ ਸ਼ਕਤੀ, ਸਵਿੱਚ ਦੇ ਆਧਾਰ ਨਾਲ, ਸਵਿੱਚ ਆਂਨ ਕਰੋ, ਸਵਿੱਚ ਆਫ਼ ਕਰੋ - ਇਵੇਂ ਸੈਕਿੰਡ ਵਿੱਚ ਮਨ ਨੂੰ ਜਿਥੇ ਚਾਹੋ, ਜਿਨਾਂ ਸਮੇਂ ਚਾਹੋ, ਓਨਾ ਕੰਟਰੋਲ ਕਰ ਸਕਦੇ ਹਨ? ਬਹੁਤ ਚੰਗੇ -ਚੰਗੇ ਖੁਦ ਪ੍ਰਤੀ ਵੀ ਅਤੇ ਸੇਵਾ ਪ੍ਰਤੀ ਵੀ ਸਿੱਧੀ ਰੂਪ ਦਿਖਾਈ ਦੇਣਗੇ। ਪਰ ਬਾਪਦਾਦਾ ਦੇਖਦੇ ਹਨ ਕਿ ਸੰਕਲਪ ਸ਼ਕਤੀ ਦੇ ਜਮਾ ਦਾ ਖਾਤਾ ਹੁਣ ਸਾਧਾਰਨ ਅਟੈਂਸ਼ਨ ਹੈ। ਜਿਨਾਂ ਹੋਣਾ ਚਾਹੀਦਾ ਹੈ ਓਨਾ ਨਹੀਂ ਹੈ। ਸੰਕਲਪ ਦੇ ਆਧਾਰ ਤੇ ਬੋਲ ਅਤੇ ਕਰਮ ਆਟੋਮੇਟਿਕ ਚੱਲਦੇ ਹਨ। ਅਲਗ -ਅਲਗ ਮਿਹਨਤ ਕਰਨ ਦੀ ਜਰੂਰਤ ਨਹੀਂ ਹੈ, ਅੱਜ ਬੋਲ ਨੂੰ ਕੰਟਰੋਲ ਕਰੋ, ਅੱਜ ਦ੍ਰਿਸ਼ਟੀ ਨੂੰ ਅਟੈਂਸ਼ਨ ਵਿੱਚ ਲਿਆਓ, ਮਿਹਨਤ ਕਰੋ, ਅੱਜ ਵ੍ਰਿਤੀ ਨੂੰ ਅਟੈਂਸ਼ਨ ਨਾਲ ਚੇਂਜ ਕਰੋ। ਜੇਕਰ ਸੰਕਲਪ ਸ਼ਕਤੀ ਪਾਵਰਫੁਲ ਹੈ ਤਾਂ ਇਹ ਸਭ ਖੁਦ ਹੀ ਕੰਟਰੋਲ ਵਿੱਚ ਆ ਜਾਂਦੇ ਹਨ। ਮਿਹਨਤ ਤੋਂ ਬੱਚ ਜਾਣਗੇ। ਤਾਂ ਸੰਕਲਪ ਸ਼ਕਤੀ ਦੇ ਮਹੱਤਵ ਨੂੰ ਜਾਣੋ।

ਇਹ ਭੱਠੀਆਂ ਵਿਸ਼ੇਸ਼ ਇਸਲਈ ਕਰਵਾਈਆਂ ਜਾਂਦੀਆਂ ਹਨ, ਆਦਤ ਪੈ ਜਾਵੇ। ਇੱਥੇ ਦੀ ਆਦਤ ਭਵਿੱਖ ਵਿਚ ਵੀ ਅਟੈਂਸ਼ਨ ਦੇ ਕਰਦੇ ਰਹਿਣ ਤਾਂ ਅਵਿਨਾਸ਼ੀ ਹੋ, ਸਮਝਾ। ਕੀ ਮਹੱਤਵ ਹੈ? ਤੁਹਾਡੇ ਕੋਲ ਬੜਾ ਉੱਚੇ ਤੋਂ ਉੱਚਾ ਖਜਾਨਾ ਬਾਪ ਨੇ ਦਿੱਤਾ ਹੈ। ਇਹ ਸ੍ਰੇਸ਼ਠ

ਸੰਕਲਪ, ਸ਼ੁਭ ਭਾਵਨਾ, ਸ਼ੁਭ ਕਾਮਨਾ ਦੇ ਸੰਕਲ਼ਪ ਦਾ ਖਜਾਨਾ ਹੈ? ਸਭ ਨੂੰ ਬਾਪ ਨੇ ਦਿੱਤਾ ਹੈ ਲੇਕਿਨ ਜਮਾ ਨੰਬਰਵਾਰ ਕਰਦੇ ਹਨ ਅਤੇ ਪ੍ਰਯੋਗ ਵਿੱਚ ਲਿਆਉਣ ਦੀ ਸ਼ਕਤੀ ਵੀ ਨੰਬਰਵਾਰ ਹੈ। ਹੁਣ ਵੀ ਸ਼ੁਭ ਭਾਵਨਾ, ਸ਼ੁਭ ਕਾਮਨਾ ਦਾ ਪ੍ਰਯੋਗ ਕੀਤਾ ਹੈ? ਵਿਧੀ ਨਾਲ ਕਰਨ ਤੇ ਸਿੱਧੀ ਦਾ ਅਨੁਭਵ ਹੁੰਦਾ ਹੈ? ਹਾਲੇ ਥੋੜ੍ਹਾ - ਥੋੜ੍ਹਾ ਹੁੰਦਾ ਹੈ। ਆਖਿਰ ਤੁਹਾਡੇ ਸੰਕਲਪ ਦੀ ਸ਼ਕਤੀ ਇੰਨੀ ਮਹਾਨ ਹੋ ਜਾਵੇਗੀ - ਜੋ ਸੇਵਾ ਵਿਚ ਮੂੰਹ ਦ੍ਵਾਰਾ ਸੰਦੇਸ਼ ਦੇਣ ਵਿਚ ਸਮੇਂ ਵੀ ਲਗਾਉਂਦੇ ਹੋ, ਸੰਪਤੀ ਵੀ ਲਗਾਉਂਦੇ ਹੋ, ਹਲਚਲ ਵਿਚ ਵੀ ਆਉਂਦੇ ਹੋ, ਥਕਦੇ ਵੀ ਹੋ,.. ਲੇਕਿਨ ਸ੍ਰੇਸ਼ਠ ਸੰਕਲਪ ਦੀ ਸੇਵਾ ਵਿਚ ਇਹ ਸਭ ਬਚ ਜਾਵੇਗਾ। ਵਧਾਓ। ਇਸ ਸੰਕਲਪ ਸ਼ਕਤੀ ਨੂੰ ਵਧਾਉਣ ਨਾਲ ਪ੍ਰਤਖਤਾ ਵੀ ਜਲਦੀ ਹੋਵੇਗੀ। ਹੁਣ 62-63 ਵਰ੍ਹੇ ਹੋ ਗਏ ਹਨ, ਇੰਨੇ ਸਮੇਂ ਵਿਚ ਕਿੰਨੀਆਂ ਆਤਮਾਵਾਂ ਬਣਾਈਆਂ ਹਨ? 9 ਲੱਖ ਵੀ ਪੂਰੇ ਨਹੀਂ ਹੋਏ ਹਨ। ਅਤੇ ਸਾਰੇ ਵਿਸ਼ਵ ਨੂੰ ਸੁਨੇਹਾ ਪਹੁੰਚਾਣਾ ਹੈ ਤਾਂ ਕਿੰਨੀਆਂ ਕਰੋੜ ਆਤਮਾਵਾਂ ਹਨ? ਹਾਲੇ ਤੱਕ ਵੀ ਭਗਵਾਨ ਇਨ੍ਹਾਂ ਦਾ ਟੀਚਰ ਹੈ, ਭਗਵਾਨ ਇਨ੍ਹਾਂ ਨੂੰ ਚਲਾ ਰਿਹਾ ਹੈ, ਕਰਾਵਨਹਾਰ ਪਰਮਾਤਮਾ ਕਰਵਾ ਰਿਹਾ ਹੈ… ਇਹ ਸਪੱਸ਼ਟ ਨਹੀਂ ਹੋਇਆ ਹੈ। ਚੰਗਾ ਕੰਮ ਹੈ ਅਤੇ ਸ੍ਰੇਸ਼ਠ ਕਰ ਰਹੇ ਹਨ ਇਹ ਆਵਾਜ਼ ਤੇ ਹੈ ਲੇਕਿਨ ਕਰਾਵਨਹਾਰ ਹਾਲੇ ਵੀ ਗੁਪਤ ਹੈ। ਤਾਂ ਇਹ ਸੰਕਲਪ ਸ਼ਕਤੀ ਨਾਲ ਹਰ ਇੱਕ ਦੇ ਬੁੱਧੀ ਨੂੰ ਪ੍ਰਵਰਤਿਤ ਕਰ ਸਕਦੇ ਹੋ। ਭਾਵੇਂ ਓਹੋ ਪ੍ਰਭੂ ਕਹਿ ਕੇ ਪ੍ਰਤੱਖ ਹੋ, ਭਾਵੇਂ ਬਾਪ ਦੇ ਰੂਪ ਵਿਚ ਪ੍ਰਤੱਖ ਹੋ। ਤਾਂ ਬਾਪਦਾਦਾ ਹਾਲੇ ਵੀ ਫਿਰ ਤੋਂ ਅਟੈਂਸ਼ਨ ਦਵਾਉਂਦਾ ਹੈ ਕਿ ਸੰਕਲਪ ਸ਼ਕਤੀ ਨੂੰ ਵਧਾਓ ਅਤੇ ਪ੍ਰਯੋਗ ਵਿੱਚ ਲਿਆਉਦੇ ਰਹੋ। ਸਮਝਾ।

ਜੋ ਬਾਪਦਾਦਾ ਨੇ ਅਭਿਆਸ ਸੁਣਾਇਆ ਹੈ ਮਨ ਸੈਕਿੰਡ ਵਿੱਚ ਇਕਾਗਰ ਹੋ ਜਾਏ, ਕਿਉਂਕਿ ਸਮੱਸਿਆ ਅਚਾਨਕ ਆਉਂਦੀ ਹੈ ਅਤੇ ਉਸੀ ਸਮੇਂ ਜੇਕਰ ਮਨੋਬਲ ਹੈ, ਤਾਂ ਸਮੱਸਿਆ ਸਮਾਪਤ ਹੋ ਜਾਂਦੀ ਹੈ ਪਰ ਸਮੱਸਿਆ ਇੱਕ ਪੜ੍ਹਾਈ ਪੜ੍ਹਣ ਵਾਲੀ ਬਣ ਜਾਂਦੀ ਹੈ ਇਸਲਈ ਸਭ ਮਨ ਬੁੱਧੀ ਨੂੰ ਹੁਣੇ -ਹੁਣੇ ਇਕਾਗਰ ਕਰੋ। ਦੇਖੋ ਹੁੰਦਾ ਹੈ। (ਡਰਿਲ) ਇਵੇਂ ਸਾਰੇ ਦਿਨ ਵਿੱਚ ਅਭਿਆਸ ਕਰਦੇ ਰਹੋ। ਅੱਛਾ।

ਚਾਰੋਂ ਪਾਸੇ ਦੀ ਸ੍ਰੇਸ਼ਠ ਆਤਮਾਵਾਂ ਨੂੰ, ਆਦਿ ਮੱਧ ਅਤੇ ਅੰਤ ਵਿੱਚ ਸ਼੍ਰੇਸ਼ਠ ਪਾਰ੍ਟ ਵਜਾਉਣ ਵਾਲਿਆਂ ਆਤਮਾਵਾਂ ਨੂੰ, ਸਦਾ ਆਪਣੇ ਸ਼੍ਰੇਸ਼ਠ ਸੰਕਲਪ ਦੀ ਵਿਧੀ ਨੂੰ ਅਨੁਭਵ ਕਰਨ ਵਾਲੇ, ਸਦਾ ਸਹਿਜ ਯੋਗੀ ਦੇ ਨਾਲ - ਨਾਲ ਪ੍ਰਯੋਗੀ ਬਣਨ ਵਾਲੇ, ਮਨ ਅਤੇ ਬੁੱਧੀ ਤੇ ਨਿਯੰਤਰਣ ਰੱਖਣ ਵਾਲੇ, ਸਦਾ ਪ੍ਰਯੋਗੀ ਬੱਚਿਆਂ ਨੂੰ ਬਾਪਦਾਦਾ ਦਾ ਯਾਦਪਿਆਰ ਅਤੇ ਨਮਸਤੇ।

ਦੇਸ਼ ਵਿਦੇਸ਼ ਦੇ ਬੱਚਿਆਂ ਨੂੰ ਵੀ ਬਾਪਦਾਦਾ ਦੇਖ ਰਹੇ ਹਨ। ਸੰਕਲਪ ਦਵਾਰਾ ਜੋ ਯਾਦਪਿਆਰ ਅਤੇ ਰੂਹਰਿਹਾਂਨ ਕਰਦੇ ਹਨ ਉਹ ਬਾਪਦਾਦਾ ਦੇ ਕੋਲ ਪਹੁੰਚ ਜਾਂਦਾ ਹੈ। ਹੁਣ ਵੀ ਜੋ ਸਾਇੰਸ ਦੇ ਬਲ ਦਵਾਰਾ ਸੁਣ ਰਹੇ ਹਨ, ਉਹਨਾਂ ਸਭ ਬੱਚਿਆਂ ਨੂੰ ਹਰ ਦੇਸ਼ ਦੇ ਇੱਕ ਇੱਕ ਬੱਚੇ ਨੂੰ ਯਾਦਪਿਆਰ। ਜਨਕ ਬੱਚੀ ਨੂੰ ਵੀ ਵਿਸ਼ੇਸ਼ ਯਾਦਪਿਆਰ ਦੇ ਰਹੇ ਹਨ ਕਿਉਂਕਿ ਮਨ ਇੱਥੇ ਹੈ, ਤਨ ਤੋਂ ਉੱਥੇ ਹਨ। ਤਾਂ ਸਭ ਨੂੰ, ਇੱਕ ਇੱਕ ਨੂੰ ਵਿਸ਼ੇਸ਼ ਯਾਦਪਿਆਰ। ਅੱਛਾ, ਯੋਗ ਭੱਟੀ ਦਾ ਪ੍ਰੋਗ੍ਰਾਮ ਬਹੁਤ ਵਧੀਆ ਚਲ ਰਿਹਾ ਹੈ।

(ਦਾਦੀਆਂ ਨਾਲ) ਸਦਾ ਆਪਣੇ ਨੂੰ ਬਾਪਦਾਦਾ ਦੇ ਨੈਣਾਂ ਦੇ ਨੂਰ ਸਮਝਦੇ ਹੋ ਨਾ? ਨੈਣਾਂ ਵਿੱਚ ਸਦਾ ਸਮਾਏ ਹੋਏ, ਨੈਣਾਂ ਵਿੱਚ ਸਮਾਉਣ ਵਿੱਚ ਸਦਾ ਹੀ ਦ੍ਰਿਸ਼ਟੀ ਵਿੱਚ ਸਮਾਏ ਰਹਿਣਗੇ। ਇਹ ਵੀ ਬਾਪ ਅਤੇ ਬੱਚਿਆਂ ਦਾ ਸੰਗਮਯੁਗ ਦੇ ਸੁਹੇਜ ਹੈ। ਮਿਲਣਾ, ਸੁਣਨਾ, ਖਾਣਾ ਪੀਣਾ, ਇਹ ਸੰਗਮ ਦੇ ਸੁਹੇਜ ਹਨ। ਇਵੇਂ ਹੀ ਸੁਹੇਜ ਮਨਾਉਂਦੇ -ਮਨਾਉਂਦੇ ਆਪਣੇ ਘਰ ਚਲੇ ਜਾਣਗੇ। ਫਿਰ ਰਾਜ ਵਿੱਚ ਆਉਣਗੇ। ਬ੍ਰਹਮਾ ਬਾਪ ਦੇ ਨਾਲ ਰਾਜ ਕਰਨਾ। ਚੰਗਾ ਹੈ। ਦੁਨੀਆਂ ਵਾਲੇ ਸੋਚਦੇ ਰਹਿੰਦੇ ਅਤੇ ਤੁਸੀਂ ਸਦਾ ਮਨਾਉਂਦੇ ਰਹਿੰਦੇ। ਕੋਈ ਸੋਚ ਨਹੀਂ ਹੈ, ਕੀ ਹੋਵੇਗਾ, ਕਿਵੇਂ ਹੋਵੇਗਾ। ਕਿਸੇ ਪ੍ਰਕਾਰ ਦਾ ਸੋਚ ਨਹੀਂ ਹੈ। ਚੰਗਾ।

ਵਰਦਾਨ:- ਇਸ ਅੰਤਿਮ ਜਨਮ ਵਿੱਚ ਮਿਲੀ ਹੋਈ ਸਰਵ ਪਾਵਰ ਨੂੰ ਯੂਜ਼ ਕਰਨ ਵਾਲੇ ਵਿਲ ਪਾਵਰ ਸੰਪੰਨ ਭਵ

ਇਹ ਸਵੀਟ ਡਰਾਮਾ ਬਹੁਤ ਚੰਗਾ ਬਣਾ -ਬਣਾਇਆ ਹੈ, ਇਸਨੂੰ ਕੋਈ ਬਦਲ ਨਹੀਂ ਸਕਦਾ। ਪਰ ਡਰਾਮੇ ਵਿੱਚ ਇਸ ਸ਼੍ਰੇਸ਼ਠ ਬ੍ਰਾਹਮਣ ਜਨਮ ਦੀ ਬਹੁਤ ਹੀ ਪਾਵਰਸ ਮਿਲੀ ਹੋਈ ਹੈ। ਬਾਪ ਨੇ ਵਿਲ ਕੀਤਾ ਹੈ ਇਸਲਈ ਵਿਲ ਪਾਵਰ ਹੈ। ਇਸ ਪਾਵਰ ਨੂੰ ਯੂਜ ਕਰੋ - ਜਦੋਂ ਚਾਹੋ ਇਸ ਸ਼ਰੀਰ ਦੇ ਬੰਧੰਨ ਤੋਂ ਨਿਆਰੇ ਕਰਮਾਤੀਤ ਸਥਿਤੀ ਵਿੱਚ ਸਥਿਤ ਹੋ ਜਾਓ। ਨਿਆਰਾ ਹਾਂ, ਮਾਲਿਕ ਹਾਂ, ਬਾਪ ਦਵਾਰਾ ਨਿਮਿਤ ਆਤਮਾ ਹਾਂ - ਇਸ ਸਮ੍ਰਿਤੀ ਨਾਲ ਮਨ ਬੁੱਧੀ ਨੂੰ ਇਕਾਗਰ ਕਰ ਲਵੋ ਉਦੋ ਕਹਾਂਗੇ ਵਿਲ ਪਾਵਰ ਸੰਪੰਨ।

ਸਲੋਗਨ:- ਦਿਲ ਨਾਲ ਸੇਵਾ ਕਰੋ ਤਾਂ ਦੁਆਵਾਂ ਦਾ ਦਰਵਾਜਾ ਖੁਲ ਜਾਏਗਾ।

******

ਸੂਚਨਾ **:-** ਅੱਜ ਮਹੀਨੇ ਦਾ ਤੀਸਰਾ ਰਵਿਵਾਰ ਅੰਤਰਰਾਸ਼ਟਰੀ ਯੋਗ ਦਿਵਸ ਹੈ, ਸਭ ਬ੍ਰਹਮਾ ਵਤਸ ਸੰਗਠਿਤ ਰੂਪ ਵਿੱਚ ਸ਼ਾਮ 6:30 ਤੋਂ 7:30 ਵਜੇ ਤਕ ਵਿਸ਼ੇਸ਼ ਆਪਣੇ ਪੂਰਵਜ ਸਵਰੂਪ ਵਿੱਚ ਸਥਿਤ ਹੋ, ਪੂਰੇ ਵਰੀਕ੍ਸ਼ ਨੂੰ ਸ਼ਕਤੀਆਂ ਦਾ ਦਾਨ ਕਰੋ। ਹਰ ਇੱਕ ਆਤਮਾ ਨੂੰ ਆਪਣੇ ਸਮੁਖ ਇਮਰਜ਼ ਕਰਦੇ ਹੋਏ ਸਨੇਹ ਭਰੀ ਦ੍ਰਿਸ਼ਟੀ ਦਵੋ, ਆਪਣੇ ਪਨ ਦੀ ਅਨੁਭੂਤੀ ਕਰਾਓ।